8522
8/9/22

VOTER

**Office of the Sub Divisional Magistrate-cum-ERO, 094-Talwandi Sabo**

**ਦਫ਼ਤਰ ਉਪਮੰਡਲਮੈਜਿਸਟਰੇਟ -ਕਮ- ਚੋਣਕਾਰਰਜਿਸਟਰੇਸ਼ਨ ਅਫ਼ਸਰ, 094-ਤਲਵੰਡੀ ਸਾਬੋ**

ਜੀ-੫
8/9/22

ਵੱਲ

1. ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ (ਸੈਕੰਡਰੀ / ਐਲੀਮੈਂਟਰੀ )
2. ਸਮੂਹ ਵਿਭਾਗਾ ਦੇ ਮੁੱਖੀ, ਸਬ ਡਵੀਜਨ , ਤਲਵੰਡੀ ਸਾਬੋ

ਪੱਤਰ ਨੰ:5513-15/ਚੋਣ                                                                 ਮਿਤੀ : 07/09/2022

ਵਿਸ਼ਾ:- ਯੋਗਤਾ ਮਿਤੀ 01/01/2023 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਅਤੇ ਵੋਟਰ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆ ਹਦਾਇਤਾ ਅਤੇ ਮੁੱਖ ਚੋਣ ਅਫਸਰ, ਪੰਜਾਬ ਅਤੇ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵਲੋਂ ਪ੍ਰਾਪਤ ਹੋਏ ਆਦੇਸ਼ਾ ਅਨੁਸਾਰ ਮਿਤੀ 01/08/2022 ਤੋਂ ਵੋਟਰ ਸੂਚੀਆ ਦੀ ਸਰਸਰੀ ਸੁਧਾਈ ਅਤੇ ਸਮੂਹ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤੇ ਜਾਣ ਸਬੰਧੀ ਕੰਮ ਚੱਲ ਰਿਹਾ ਹੈ। ਇਸ ਕੰਮ ਵਿੱਚ ਤੇਜੀ ਲੈ ਕੇ ਆਉਣ ਲਈ ਮਿਤੀ 03/9/2022 ਨੂੰ ਬੀ.ਐਲ.ਓਜ. ਵਲੋਂ ਘਰ-2 ਜਾ ਕੇ ਆਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਲਿੰਕ ਕੀਤਾ ਜਾਣਾ ਸੀ। ਪ੍ਰੰਤੂ ਜਿਲ੍ਹਾ ਸਿੱਖਿਆ ਦੇ ਅਫਸਰ ਬਠਿੰਡਾ (ਸੈ.ਸਿ) ਬਠਿੰਡਾ ਦੇ ਪੱਤਰ ਨੰ. ਜੀ - 1/1-2022-23 / BLO ਡਿਊਟੀ ਮਿਤੀ 03.09.2022 ਰਾਹੀ ਅਧਿਆਪਕਾ (ਬੀ.ਐਲ.ਓਜ) ਦੀਆ ਡਿਊਟੀਆਂ ਖੇਡਾਂ ਵਤਨ ਪੰਜਾਬ ਦੀਆ ਵਿਚ ਲਗਾ ਦਿੱਤੇ ਜਾਣ ਕਾਰਨ ਉਕਤ ਕੰਮ ਸਬੰਧੀ ਪ੍ਰਗਤੀ ਨਹੀਂ ਹੋ ਸਕੀ।

ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੀਆਂ ਹਦਾਇਤਾ ਅਨੁਸਾਰ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੇ ਕੰਮ ਦੀ ਅਹਿਮੀਅਤ ਨੂੰ ਮੁੱਖ ਰਖਦੇ ਹੋਏ ਮਿਤੀ 09/09/2022 ਤੋਂ 11/09/2022 ਤੱਕ ਬੀ.ਐਲ.ਓਜ. ਵਲੋਂ ਘਰ-2 ਜਾਂ ਕੇ ਆਧਾਰ ਕਾਰਡ ਸਬੰਧੀ ਡਾਟਾ ਇਕੱਠਾ ਕਰਨ ਸਬੰਧੀ ਵਿਸ਼ੇਸ ਤੌਰ ਤੇ ਕੰਮ ਕੀਤਾ ਜਾਣਾ ਹੈ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ /ਦਫਤਰ ਵਿੱਚ ਕੰਮ ਕਰਦੇ ਕਰਮਚਾਰੀ ਜਿਨ੍ਹਾ ਦੀ ਡਿਊਟੀ ਵਿਧਾਨ ਸਭਾ ਹਲਕਾ 094 ਤਲਵੰਡੀ ਸਾਬੋ ਵਿੱਚ ਬਤੌਰ ਬੀ.ਐਲ.ਓਜ. ਲੱਗੀ ਹੋਈ ਹੈ, ਨੂੰ ਉਕਤ ਸਮੇਂ ਦੌਰਾਨ ਵਿਭਾਗੀ ਡਿਊਟੀ ਤੋ ਫਾਰਗ ਕੀਤਾ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾ ਦੋ ਅਧਿਆਪਕਾ ਦੀ ਡਿਊਟੀ ਬੀ.ਐਲ.ਓ. ਲੱਗੀ ਹੋਈ ਹੈ, ਤਾਂ ਉਹਨਾਂ ਸਕੂਲਾ ਵਿੱਚ ਬੀ.ਐਲ.ਓਜ. ਦਾ ਆਪਣੇ ਪੱਧਰ ਤੇ ਸਕੂਲ ਦਾ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ, ਬਠਿੰਡਾ , ਬੀ.ਪੀ.ਈ.ਓ. ਤਲਵੰਡੀ ਸਾਬੋ/ਸੰਗਤ ਨੂੰ ਲਿਖਿਆ ਜਾਂਦਾ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਹਨਾ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ
ਮਿਤੀ 07/09/ 2022

ਪਿਠ ਅੰਕਣ ਨੰ:5516-18/ਚੋਣ

ਇਸਦਾ ਇੱਕ ਉਤਾਰਾ

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਸੁਪਰਵਾਈਜਰ ਵਿਧਾਨ ਸਭਾ ਹਲਕਾ 094 ਤਲਵੰਡੀ ਸਾਬੋ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਬੀ.ਐਲ.ਓਜ. ਨੂੰ ਇਸ ਕੰਮ ਲਈ ਪਾਬੰਦ ਕਰਨਗੇ।
3. ਸਮੂਹ ਬੀ.ਐਲ.ਓਜ. ਪਾਸ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿਠ ਅੰਕਣ ਨੰ: ਜੀ-5/1(2) 2022/131 ਮਿਤੀ: 8/09/2022
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

8/9/22
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ